**ਤੀਸਰਾ ਐਪੀਸੋਡ ਅਡੀਸ਼ਨ ਫੋਰ ਸਿੱਖ ਆਫ ਅਮਰੀਕਾ**
**ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ।**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ।**

**ਬਾਬਾ ਦੀਪ ਸਿੰਘ ਜੀ**

**ਪ1**. ਕੀ ਬਾਬਾ ਦੀਪ ਸਿੰਘ ਜੀ ਇੱਕ ਸਿਪਾਹੀ ਸਨ?
ੳ. ਬਾਬਾ ਦੀਪ ਸਿੰਘ ਜੀ ਇੱਕ ਮਹਾਨ ਸਿੱਖ ਵਿਦਵਾਨ ਸਨ ਜੋ ਸਿਪਾਹੀ ਬਣੇ ਅਤੇ ਸਿੱਖ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ। ਉਹ ਅੱਠ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹੇ ਜਿੱਥੇ ਉਨ੍ਹਾਂ ਨੇ ਭਾਈ ਮਨੀ ਸਿੰਘ ਪਾਸੋਂ ਗੁਰਮੁੱਖੀ ਸਿੱਖੀ ਇਸ ਦੇ ਨਾਲ ਹੀ ਉਨ੍ਹਾਂ ਨੇ ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਹੋਰ ਸਸ਼ਤਰ ਵਿੱਦਿਆ ਗ੍ਰਹਿਣ ਕੀਤੀ।

ਪ2. ਉਨ੍ਹਾਂ ਨੇ ਕਿੰਨੀ ਉਮਰ ਵਿੱਚ ਅੰਮ੍ਰਿਤ ਛੱਕਿਆ?
ੳ. ਅਠਾਰਾਂ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਹਾਜ਼ਰੀ ਵਿੱਚ ਪੰਜ ਪਿਆਰਿਆਂ ਪਾਸੋਂ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਿਆ। 1705 ਤੋਂ 1728 ਦਰਮਿਆਨ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਤਿਆਰ ਕਰਕੇ ਸਿੱਖਾਂ ਵਿੱਚ ਵੰਡੀਆਂ। ਬਾਬਾ ਦੀਪ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਬਣੇ। ਉਨ੍ਹਾਂ ਅਨੇਕਾਂ ਜੰਗਾਂ ਲੜੀਆਂ ਸਨ। 1709 ਵਿੱਚ ਬਾਬਾ ਦੀਪ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਲ ਕੇ ਸਰਹੰਦ ਦੀ ਜੰਗ ਲੜੀ। 1755 ਵਿੱਚ ਵਾਪਰੇ ਛੋਟੇ ਘੱਲੂਘਾਰੇ ਦੌਰਾਨ 10,000 ਸਿੱਖ ਮਾਰੇ ਗਏ ਸਨ, ਬਾਬਾ ਦੀਪ ਸਿੰਘ ਜੀ ਉਸ ਘੱਲੂਘਾਰੇ ਵਿੱਚ ਵੀ ਜੂਝੇ।

ਪ3. ਮੁਗਲ ਸੈਨਾ ਦੀ ਗਿਣਤੀ ਕਿੰਨੀ ਸੀ?
ੳ. ਬਾਬਾ ਦੀਪ ਸਿੰਘ ਜੀ ਨੇ ਬਹੁਤ ਹੀ ਘੱਟ ਗਿਣਤੀ ਵਿੱਚ ਸਿੰਘਾਂ ਨਾਲ ਵੀਹ ਹਜ਼ਾਰ ਮੁਗਲ ਫੌਜ ਦਾ ਮੁਕਾਬਲਾ ਕੀਤਾ। ਦੂਜੇ ਹੱਲੇ ਦੌਰਾਨ ਬਾਬਾ ਦੀਪ ਸਿੰਘ ਜੀ ਦਾ ਸਿਰ ਧੜ ਤੋਂ ਅਲੱਗ ਹੋ ਗਿਆ ਪਰ ਉਨ੍ਹਾਂ ਨੇ ਇਹ ਕਸਮ ਖਾਧੀ ਸੀ ਕਿ ਉਹ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਸ਼ਹੀਦੀ ਪ੍ਰਾਪਤ ਕਰਨਗੇ। ਇਹ ਕਸਮ ਪੂਰੀ ਕਰਨ ਖਾਤਰ ਉਨ੍ਹਾਂ ਨੇ ਆਪਣਾ ਸਿਰ ਖੱਬੇ ਹੱਥ ਦੀ ਤਲੀ ਉਪਰ ਰੱਖ ਕੇ ਲਗਾਤਾਰ ਜੰਗ ਕੀਤੀ ਅਤੇ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਆਪਣਾ ਸੀਸ 13 ਨਵੰਬਰ 1757 ਨੂੰ ਭੇਟ ਕੀਤਾ।

ਪ4.ਕਿਸ ਜਗ੍ਹਾ ਤੇ ਸ਼ਰਧਾਲੂ ਅੱਜ ਵੀ ਰੁਕਦੇ ਅਤੇ ਨਤਮਸਤਕ ਹੁੰਦੇ ਹਨ?
ੳ.ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਉੱਤਰ ਪੂਰਬ ਕੋਨੇ ਦੇ ਦੱਖਣ ਵੱਲ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵਾਲੇ ਸਥਾਨ ਤੇ ਇੱਕ ਅੱਠ ਨੁੱਕਰਾਂ ਪੱਥਰ ਲੱਗਾ ਹੋਇਆ ਹੈ, ਸ਼ਰਧਾਲੂ ਅੱਜ ਵੀ ਇਸ ਜਗ੍ਹਾ ਉਪਰ ਰੁਕ ਕੇ ਨਤਮਸਤਕ ਹੁੰਦੇ ਹਨ ਅਤੇ ਬਾਬਾ ਦੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਸ ਜਗ੍ਹਾ ਤੇ ਗੁਲਾਬ ਦੇ ਫੁੱਲ ਅਤੇ ਹਾਰ ਚੜ੍ਹਾਉਂਦੇ ਹਨ।

ਪ5. ਬਾਬਾ ਦੀਪ ਸਿੰਘ ਜੀ ਦਾ ਜਨਮ ਕਦੋਂ ਹੋਇਆ?
ੳ. ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ1682,14 ਮਾਘ ਸੰਮਤ 1739 ਵਿੱਚ ਅੰਮ੍ਰਿਤਸਰ ਤੋਂ ਚਾਲੀ ਕਿਲੋਮੀਟਰ ਦੱਖਣ ਪੱਛਮ ਵੱਲ ਸਥਿਤ ਪਿੰਡ ਪਹੁਵਿੰਡ ਵਿੱਚ ਰਹਿਣ ਵਾਲੇ ਭਾਈ ਭਗਤਾ ਜੀ ਅਤੇ ਮਾਈ ਜਿਊਣੀ ਜੀ ਦੇ ਘਰ ਹੋਇਆ। ਬਾਬਾ ਦੀਪ ਸਿੰਘ ਜੀ ਦਾ ਪਰਿਵਾਰ ਬਹੁਤ ਮਿਹਨਤੀ ਜੱਟ ਸਿੱਖ ਸੰਧੂ ਪਰਿਵਾਰ ਸੀ। ਬਾਬਾ ਦੀਪ ਸਿੰਘ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸਨ। ਉਨ੍ਹਾਂ ਦਾ ਨਾਮ ਦੀਪਾ ਰੱਖਿਆ ਗਿਆ। ਬਾਰਾਂ ਸਾਲ ਦੀ ਉਮਰ ਵਿੱਚ ਉਹ ਆਪਣੇ ਮਾਤਾ ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਇੱਥੇ ਉਹ ਕਈ ਦਿਨ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਪ6.ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਰੁਕਣ ਲਈ ਕਿਹਾ?
ੳ. ਜਦੋਂ ਬਾਰਾਂ ਸਾਲ ਦੀ ਉਮਰ ਵਿੱਚ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ ਪਿਤਾ ਨਾਲ ਆਨੰਦਪੁਰ ਸਾਹਿਬ ਵਿਖੇ ਕੁਝ ਦਿਨ ਰਹੇ ਤਾਂ ਵਾਪਸੀ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਵਿਖੇ ਹੀ ਰੁਕਣ ਲਈ ਕਿਹਾ। ਉਨ੍ਹਾਂ ਨੇ ਖੁਸ਼ੀ ਖੁਸ਼ੀ ਇਹ ਗੱਲ ਸਵੀਕਾਰ ਕੀਤੀ ਆਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਸਿੱਖ ਫ਼ਲਸਫ਼ੇ ਦੀ ਪੜ੍ਹਾਈ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ। ਇੱਥੇ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਮੁਖੀ ਦੇ ਨਾਲ ਨਾਲ ਹੋਰ ਕਈ ਭਾਸ਼ਾਵਾਂ ਸਿੱਖੀਆਂ ਅਤੇ ਨਾਲ ਹੀ ਸ਼ਸਤਰ ਵਿਦਿਆ ਤੇ ਘੋੜ ਸਵਾਰੀ ਵੀ ਸਿੱਖੀ।

ਪ7.ਬਾਬਾ ਦੀਪ ਸਿੰਘ ਜੀ ਨੇ ਕਿੰਨੀ ਉਮਰ ਵਿੱਚ ਅੰਮ੍ਰਿਤ ਪਾਨ ਕੀਤਾ?
ੳ. ਬਾਬਾ ਦੀਪ ਸਿੰਘ ਜੀ ਨੇ ਅਠਾਰਾਂ ਸਾਲ ਦੀ ਉਮਰ ਵਿੱਚ ਵਿਸਾਖੀ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਕਸਮ ਖਾਧੀ ਕਿ ਉਹ ਅਕਾਲ ਪੁਰਖ ਦੀ ਫੌਜ ਦੇ ਸਿਪਾਹੀ ਵਾਂਗ ਸੇਵਾ ਕਰਦੇ ਰਹਿਣਗੇ। ਉਨ੍ਹਾਂ ਨੂੰ ਨਵਾਂ ਨਾਮ ਦੀਪ ਸਿੰਘ ਮਿਲਿਆ ਅਤੇ ਉਨ੍ਹਾਂ ਨੇ ਇਹ ਸਿੱਖਿਆ ਕਿ ਖਾਲਸੇ ਦਾ ਕੰਮ  ਜ਼ਬਰ ਦਾ ਟਾਕਰਾ ਕਰਨਾ ਅਤੇ ਮਜ਼ਲੂਮਾਂ ਦੀ ਰੱਖਿਆ ਕਰਨਾ ਹੈ। ਅਨੰਦਪੁਰ ਸਾਹਿਬ ਵਿਖੇ ਬਿਤਾਏ ਇਸ ਅਠਾਰਾਂ ਸਾਲ ਦੇ ਸਮੇਂ ਦੌਰਾਨ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਸਿੱਖਾਂ ਵਿੱਚੋਂ ਇੱਕ ਸਨ।

ਪ8.ਗੁਰੂ ਗੋਬਿੰਦ ਸਿੰਘ ਜੀ ਨੇ ਕਦੋਂ ਬਾਬਾ ਦੀਪ ਸਿੰਘ ਜੀ ਨੂੰ ਪਿੰਡ ਵਾਪਸ ਜਾਣ ਲਈ ਕਿਹਾ?
ੳ.ਸੰਨ 1702 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੀ ਨੂੰ ਆਪਣੇ ਪਿੰਡ ਆਪਣੇ ਮਾਤਾ ਪਿਤਾ ਦੀ ਸੇਵਾ ਲਈ ਪਰਤਣ ਵਾਸਤੇ ਕਿਹਾ। ਇਸੇ ਹੀ ਸਾਲ ਉਨ੍ਹਾਂ ਦਾ ਵਿਆਹ ਵੀ ਹੋਇਆ। ਸੰਨ ਸਤਾਰਾਂ 1704 ਵਿੱਚ ਪਹੁਵਿੰਡ ਵਿਖੇ ਇੱਕ ਸਿੱਖ ਸੰਦੇਸ਼ ਲੈ ਕੇ ਆਇਆ ਕਿ ਲਗਾਤਾਰ ਛੇ ਮਹੀਨੇ ਪਹਾੜੀ ਰਾਜਿਆਂ ਨਾਲ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲਾ ਛੱਡ ਦਿੱਤਾ ਹੈ ਅਤੇ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਪਰਿਵਾਰ ਤੋਂ ਵਿਛੜ ਗਏ ਹਨ।

ਪ9. ਬਾਬਾ ਦੀਪ ਸਿੰਘ ਜੀ ਨੇ ਕਿਉਂ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਲਈ ਪਹੁਵਿੰਡ ਛੱਡਿਆ?
ੳ.ਇਸ ਦਰਦਨਾਕ ਖਬਰ ਨੂੰ ਸੁਣਨ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਲਈ ਪਹੁਵਿੰਡ ਤੋਂ ਚੱਲ ਪਏ ਉਹ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ। ਉੱਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ  ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਚੁੱਕੇ ਹਨ। ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਨੂੰ ਪੁਰਾਣੇ ਨੌਕਰ ਗੰਗੂ ਵੱਲੋਂ ਸਰਹੰਦ ਦੇ ਵਜ਼ੀਰ ਖ਼ਾਨ ਕੋਲ ਗ੍ਰਿਫ਼ਤਾਰ ਕਰਵਾ ਦਿੱਤਾ ਜਿਸ ਨੇ ਸਾਹਿਬਜ਼ਾਦਿਆਂ ਵੱਲੋਂ ਇਸਲਾਮ ਕਬੂਲ ਨਾ ਕਰਨ ਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ। ਇਸ ਉਪਰੰਤ ਮਾਤਾ ਜੀ ਵੀ ਇਸ ਜਹਾਨ ਨੂੰ ਅਲਵਿਦਾ ਕਹਿ ਗਏ।

ਪ10. ਬਾਬਾ ਦੀਪ ਸਿੰਘ ਜੀ ਨੂੰ ਕਿੱਥੇ ਬੁਲਾਇਆ ਗਿਆ?
ੳ. ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੇ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਰੂਪ ਤਿਆਰ ਕਰਨ ਵਾਸਤੇ ਬੁਲਾਇਆ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਉਚਾਰੀ ਜਿਸ ਨੂੰ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖਿਆ ਗਿਆ। ਇਸ ਉਪਰੰਤ ਬਾਬਾ ਦੀਪ ਸਿੰਘ ਜੀ ਵੱਲੋਂ ਆਪਣੀ ਸਾਰੀ ਉਮਰ ਦੀ ਸੇਵਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਹੋਰ ਬੀੜਾਂ ਤਿਆਰ ਕੀਤੀਆਂ ਗਈਆਂ ਇਹ ਚਾਰੇ ਬੀੜਾਂ ਸ੍ਰੀ ਅਕਾਲ ਤਖਤ,ਸ੍ਰੀ ਤਖ਼ਤ ਪਟਨਾ ਸਾਹਿਬ, ਸ੍ਰੀ ਤਖ਼ਤ ਹਜ਼ੂਰ ਸਾਹਿਬ ਅਤੇ ਸ੍ਰੀ ਤਖ਼ਤ ਅਨੰਦਪੁਰ ਸਾਹਿਬ ਵਿਖੇ ਭੇਂਟ ਕੀਤੀਆਂ ਗਈਆਂ। ਇਸ ਉਪਰੰਤ ਇਸ ਮਹਾਨ ਵਿਦਵਾਨ ਨੇ ਅਰਬੀ ਭਾਸ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਸਰੂਪ ਤਿਆਰ ਕੀਤਾ ਅਤੇ ਮੱਧ ਪੂਰਬ ਵਿੱਚ ਭੇਜਿਆ।

ਪ11. ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਸੇਵਾ ਕਿਸ ਨੂੰ ਦਿੱਤੀ?
ੳ. ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਦੱਖਣ ਵੱਲ ਚੱਲੇ ਤਾਂ ਉਨ੍ਹਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਦੀ ਸੇਵਾ ਦਿੱਤੀ ਅਤੇ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਕਰਨ ਲਈ ਭੇਜਿਆ। ਬਾਬਾ ਦੀਪ ਸਿੰਘ ਕਈ ਸਾਲ ਦਮਦਮਾ ਸਾਹਿਬ ਦੀ ਸੇਵਾ ਕਰਦੇ ਰਹੇ। ਉਹ ਹਰ ਵਕਤ ਮਜ਼ਲੂਮਾਂ ਦੀ ਰੱਖਿਆ ਲਈ ਤੱਤਪਰ ਰਹਿੰਦੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਕਈ ਗੁੱਟਕਾ ਸਾਹਿਬ ਲਿਖ ਕੇ ਸੰਗਤ ਵਿੱਚ ਵੰਡੇ।

ਪ12. ਬਾਬਾ ਦੀਪ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਕਦੋਂ ਰਲੇ?
ੳ. ਸੱਚਖੰਡ ਗਮਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜਾਬ ਵੱਲ ਭੇਜਣ ਲਈ ਥਾਪੇ ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਾਬਾ ਦੀਪ ਸਿੰਘ 1709 ਵਿੱਚ ਮਿਲੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਸਰਹੱਦ ਦੇ ਵਜ਼ੀਰ ਖਾਨ ਵਿਰੁੱਧ ਜੰਗ ਵਿੱਚ ਬਾਬਾ ਦੀਪ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਸ਼ਾਮਲ ਹੋਏ। ਬੇਸ਼ੱਕ ਮੁਗ਼ਲ ਸੈਨਾ ਦੀ ਗਿਣਤੀ ਸਿੱਖ ਫ਼ੌਜ ਨਾਲੋਂ ਕਾਫ਼ੀ ਜ਼ਿਆਦਾ ਸੀ ਪਰ ਸਿੱਖਾਂ ਨੇ ਆਸਾਨੀ ਨਾਲ ਮੁਗ਼ਲ ਫੌਜ ਨੂੰ ਹਰਾ ਦਿੱਤਾ ਅਤੇ ਵਜ਼ੀਰ ਖਾਂ ਨੂੰ ਮਾਰ ਦਿੱਤਾ ਇਸ ਦੇ ਨਾਲ ਹੀ ਇੱਕ ਜ਼ੁਲਮੀ ਰਾਜ ਦਾ ਅੰਤ ਹੋ ਗਿਆ।

ਪ13. ਸਰਦਾਰ ਆਲਾ ਸਿੰਘ ਦੇ ਬਚਾਅ ਲਈ ਕੌਣ ਪਹੁੰਚਿਆ?
ੳ. 1732 ਵਿੱਚ ਜਦੋਂ ਸਰਦਾਰ ਆਲਾ ਸਿੰਘ ਬਰਨਾਲਾ ਵਿਖੇ ਮਾਂਜ ਅਤੇ ਭੱਟੀ ਰਾਜਪੂਤਾਂ ਅਤੇ ਨਵਾਬ ਮਲੇਰਕੋਟਲਾ ਦੀਆਂ ਫ਼ੌਜਾਂ ਵਿੱਚ ਘਿਰ ਗਿਆ ਤਾਂ ਬਾਬਾ ਦੀਪ ਸਿੰਘ ਜੀ ਉਨ੍ਹਾਂ ਦੀ ਮਦਦ ਲਈ ਪਹੁੰਚੇ। 1733 ਵਿੱਚ ਲਾਹੌਰ ਦੇ ਮੁਗਲ ਗਵਰਨਰ ਵੱਲੋਂ ਸਿੱਖਾਂ ਨੂੰ ਨਵਾਬੀ ਤੇ ਜਗੀਰ ਦੀ ਪੇਸ਼ਕਸ਼ ਕੀਤੀ ਗਈ। ਬਾਬਾ ਦੀਪ ਸਿੰਘ ਆਪਣੇ ਜਥੇ ਸਮੇਤ ਨਵਾਬ ਕਪੂਰ ਸਿੰਘ ਨੂੰ ਅੰਮ੍ਰਿਤਸਰ ਵਿਖੇ ਸਾਂਝੀ ਸਿੱਖ ਜਥੇਬੰਦੀ ਦਲ ਖਾਲਸਾ ਬਣਾਉਣ ਲਈ ਮਿਲੇ। ਦਲ ਖ਼ਾਲਸਾ ਦੇ ਸਹੀ ਸੰਚਾਲਣ ਲਈ ਇਸਨੂੰ ਅੱਗੇ ਬੁੱਢਾ ਦਲ ਅਤੇ ਤਰਨਾ ਦਲ ਵਿੱਚ ਵੰਡ ਦਿੱਤਾ ਗਿਆ। ਇਸਦੇ ਅੱਗੇ ਪੰਜ ਜਥੇ ਬਣਾਏ ਗਏ।

ਪ14. ਬਾਬਾ ਕਿਸ ਨੂੰ ਕਿਹਾ ਜਾਂਦਾ ਸੀ?
ੳ. ਦੀਪ ਸਿੰਘ ਨੂੰ ਆਦਰ ਅਤੇ ਸਤਿਕਾਰ ਨਾਲ ਬਾਬਾ ਕਿਹਾ ਜਾਂਦਾ ਸੀ।ਉਨ੍ਹਾਂ ਨੂੰ ਤਰਨਾ ਦਲ ਦੇ ਪੰਜ ਜਥਿਆਂ ਵਿੱਚੋਂ ਇੱਕ ਜਥੇ ਦਾ ਜਥੇਦਾਰ ਚੁਣਿਆ ਗਿਆ। ਅੱਗੇ ਚੱਲ ਕੇ ਸੰਨ 1748 ਵਿੱਚ ਇਹ ਜਥੇ ਮਿਸਲਾਂ ਦਾ ਰੂਪ ਧਾਰਨ ਕਰ ਗਏ। ਬਾਬਾ ਦੀਪ ਸਿੰਘ ਵਾਲੀ ਮਿਸਲ ਦਾ ਨਾਮ ਮਿਸਲ ਸ਼ਹੀਦਾਂ ਸੀ। ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਦੇ ਤੌਰ ਤੇ ਬਾਬਾ ਦੀਪ ਸਿੰਘ ਜੀ ਨੇ ਸਿੱਖ ਪੰਥ ਵਾਸਤੇ ਅਨੇਕਾਂ ਜਿੱਤਾਂ ਪ੍ਰਾਪਤ ਕੀਤੀਆਂ। ਇਸ ਮਿਸਲ ਦਾ ਸਤਲੁਜ ਤੋਂ ਦੱਖਣ ਵੱਲ ਆਪਣਾ ਵੱਖਰਾ ਹੀ ਪ੍ਰਭਾਵ ਸੀ। ਬਾਬਾ ਦੀਪ ਸਿੰਘ ਜੀ ਨੇ ਆਪਣਾ ਮੁੱਖ ਟਿਕਾਣਾ ਤਲਵੰਡੀ ਸਾਬੋ ਹੀ ਰੱਖਿਆ। ਜਿਸ ਬੁਰਜ ਵਿੱਚ ਉਹ ਰਹਿੰਦੇ ਸਨ ਉਹ ਅੱਜ ਵੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸੁਸ਼ੋਭਿਤ ਹੈ ਅਤੇ ਇਸ ਨੂੰ ਬੁਰਜ ਬਾਬਾ ਦੀਪ ਸਿੰਘ ਜੀ ਸ਼ਹੀਦ ਕਿਹਾ ਜਾਂਦਾ ਹੈ।

ਪ15. 1755-1756 ਦਰਮਿਆਨ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉੱਪਰ ਕਿੰਨੀ ਵਾਰ ਹਮਲਾ ਕੀਤਾ?
ੳ. ਮੁਗਲਾਨੀ ਬੇਗਮ ਦੇ ਸੱਦੇ ਤੇ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1755-1756 ਦਰਮਿਆਨ ਚਾਰ ਵਾਰ ਭਾਰਤ ਉੱਪਰ ਹਮਲਾ ਕੀਤਾ। ਵਾਪਸੀ ਸਮੇਂ ਅਹਿਮਦਸ਼ਾਹ ਅਬਦਾਲੀ ਨਾਲ ਉਸ ਦਾ ਸਾਰਾ ਦਲ ਸੀ। ਇਸ ਦੇ ਨਾਲ ਹੀ ਇਨ੍ਹਾਂ ਕੋਲ ਮਥੁਰਾ, ਵਰਿੰਦਾਬਨ, ਆਗਰਾ ਅਤੇ ਦਿੱਲੀ ਤੋਂ ਲੁੱਟਿਆ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਸੀ। ਇਹ ਸਾਰਾ ਸਾਮਾਨ ਬੈਲ ਗੱਡੀਆਂ ਅਤੇ ਘੋੜਿਆਂ ਦੀਆਂ ਪਿੱਠਾਂ ਉਪਰ ਲੱਦਿਆ ਹੋਇਆ ਸੀ। ਇਸ ਦੇ ਨਾਲ ਹੀ ਹਜ਼ਾਰਾਂ ਸੁੰਦਰ ਵਿਆਹੀਆਂ ਅਤੇ ਕੁਆਰੀਆਂ ਹਿੰਦੂ- ਮੁਸਲਿਮ ਔਰਤਾਂ ਜ਼ਬਰਦਸਤੀ ਗੱਡਿਆਂ ਨਾਲ ਬੰਨ੍ਹ ਕੇ ਖੁੱਲ੍ਹੇ ਬਾਜ਼ਾਰ ਵਿੱਚ ਵੇਚਣ ਲਈ ਲਿਜਾਈਆਂ ਜਾ ਰਹੀਆਂ ਸਨ।

ਪ16.ਇਸ ਸਾਰੇ ਕਾਫ਼ਲੇ ਦੇ ਪੰਜਾਬ ਵਿੱਚੋਂ ਲੰਘਣ ਦੀ ਜਾਣਕਾਰੀ ਮਿਲਣ ਉਪਰੰਤ ਖ਼ਾਲਸਾ ਪੰਥ ਦੇ ਜਥੇਦਾਰਾਂ ਨੇ ਕੀ ਕੀਤਾ?
ੳ. ਜਦੋਂ ਇਹ ਕਾਫਲਾ ਭਾਰਤ ਦੇ ਹੋਰਾਂ ਹਿੱਸਿਆਂ ਤੋਂ ਲੰਘਿਆ ਤਾਂ ਬੋਲੇ ਹੋ ਚੁੱਕੇ ਕੰਨਾਂ ਨੇ ਇਨ੍ਹਾਂ ਦੀਆਂ ਚੀਕ ਪੁਕਾਰਾਂ ਨਹੀਂ ਸੁਣੀਆਂ। ਜਦੋਂ ਇਹ ਜਥਾ ਕੁਰੂਕਸ਼ੇਤਰ ਕੋਲ ਪਹੁੰਚਿਆ ਤਾਂ ਖਾਲਸਾ ਪੰਥ ਦੇ ਮਿਸਲਦਾਰਾਂ ਨੇ ਇਸ ਇਸ ਉੱਪਰ ਹਮਲਾ ਕਰ ਭਾਰਤ ਦੀਆਂ ਔਰਤਾਂ ਨੂੰ ਛੁਡਵਾਉਣ ਦਾ ਫੈਸਲਾ ਕੀਤਾ। ਬਾਬਾ ਦੀਪ ਸਿੰਘ ਜੀ ਦੇ ਜਥੇ ਦੀ ਤੈਨਾਤੀ ਮਾਰਕੰਡਾ ਨਦੀ ਕੋਲ ਸੀ। ਬਾਬਾ ਜੀ ਅਤੇ ਉਨ੍ਹਾਂ ਦੇ ਸਿਪਾਹੀਆਂ ਨੇ ਮਜ਼ਲੂਮ ਔਰਤਾਂ ਅਤੇ ਬੱਚਿਆਂ ਦੀਆਂ ਚੀਕਾਂ ਸੁਣ ਅਬਦਾਲੀ ਦੀ ਫ਼ੌਜ ਉੱਪਰ ਹਮਲਾ ਕੀਤਾ ਸਿੰਘ ਅਬਦਾਲੀ ਦੀ ਫ਼ੌਜ ਉੱਪਰ ਅਸਮਾਨੀ ਬਿਜਲੀ ਵਾਂਗ ਟੁੱਟ ਕੇ ਪੈ ਗਏ।

ਪ17 ਸਿੱਖਾਂ ਨੇ ਕਿੰਨੀਆਂ ਔਰਤਾਂ ਅਤੇ ਜਵਾਨ ਕੁੜੀਆਂ ਛੁਡਾਈਆਂ?
ੳ. ਸਿੱਖਾਂ ਨੇ ਜਦੋਂ ਅਬਦਾਲੀ ਦੇ ਕਾਫਲੇ ਤੇ ਹਮਲਾ ਕੀਤਾ ਤਾਂ ਕੁਝ ਸਿੱਖ ਸਿਪਾਹੀ ਅਬਦਾਲੀ ਦੇ ਫੌਜੀਆਂ ਨਾਲ ਲੜਨ ਲੱਗੇ ਤਾਂ ਦੂਸਰਿਆਂ ਨੇ ਬੈਲ ਗੱਡੀਆਂ ਵਿੱਚ ਲਿਜਾਈਆਂ ਜਾ ਰਹੀਆਂ ਔਰਤਾਂ ਜਵਾਨ ਕੁੜੀਆਂ ਅਤੇ ਕੁਝ ਲੜਕੇ ਛੁਡਵਾਏ। ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਸਿੱਖ ਸਿਪਾਹੀਆਂ ਨੇ ਤਿੰਨ ਸੌ ਦੇ ਕਰੀਬ ਔਰਤਾਂ ਅਤੇ ਸੌ ਦੇ ਕਰੀਬ ਲੜਕੇ ਅਬਦਾਲੀ ਦੇ ਪੰਜਿਆਂ ਤੋਂ ਛੁਡਵਾਏ। ਸਿੱਖ ਸਿਪਾਹੀ ਇਨ੍ਹਾਂ ਛੁਡਵਾਈਆਂ ਹੋਈਆਂ ਔਰਤਾਂ, ਬੱਚੀਆਂ ਅਤੇ ਲੜਕੀਆਂ ਨੂੰ ਸਹੀ ਸਲਾਮਤ ਇਹਨਾਂ ਦੇ ਘਰ ਤੱਕ ਛੱਡ ਕੇ ਆਏ। ਖਾਲਸੇ ਅਜਿਹੇ ਇਨਸਾਨ ਸਨ ਕੀ ਸਭ ਤੋਂ ਮੁਸ਼ਕਿਲ ਸਮੇਂ ਵਿੱਚ ਵੀ ਉਹਨਾਂ ਆਪਣਾ ਕਿਰਦਾਰ ਸਭ ਤੋਂ ਉੱਚਾ ਰੱਖਿਆ।

ਪ18. ਬੰਦੀਆਂ ਨੂੰ ਛੁਡਵਾਉਣ ਵਿੱਚ ਕੌਣ ਫੇਲ ਸਾਬਤ ਹੋਏ?
ੳ. ਰਾਜਪੂਤ ਅਤੇ ਮਰਾਠੇ ਖੱਤਰੀ ਇਨ੍ਹਾਂ ਕੈਦੀਆਂ ਨੂੰ ਛੁਡਵਾਉਣ ਵਿੱਚ ਨਾਕਾਮ ਰਹੇ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਕਿਸੇ ਹੋਰ ਹੀ ਮਿੱਟੀ ਦੇ ਬਣੇ ਹੋਏ ਸਨ। ਅਹਿਮਦ ਸ਼ਾਹ ਅਬਦਾਲੀ ਦੇਖ ਕੇ ਹੈਰਾਨ ਰਹਿ ਗਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਚਿੜੀਆਂ ਨੂੰ ਬਾਜ਼ ਬਣਾ ਦਿੱਤਾ ਹੈ ਅਤੇ ਨਾਮ ਦੇ ਨਾਲ ਸਿੰਘ ਹੀ ਨਹੀਂ ਲਗਾਇਆ ਬਲਕਿ ਸੱਚਮੁੱਚ ਦੇ ਵਿੱਚ ਹੀ ਸ਼ੇਰ ਬਣਾ ਦਿੱਤੇ ਹਨ।

ਸਿੰਘਾਂ ਦੇ ਇਸ ਦਲੇਰੀ ਭਰੇ ਰਵੱਈਏ ਕਾਰਨ ਹੀ ਗੁਲਾਮ ਔਰਤਾਂ ਇਹ ਗਾਉਂਦੀਆਂ ਸਨ "ਮੋੜੀ ਬਾਬਾ ਕੱਛ ਵਾਲਿਆ ਰਨ ਗਈ ਬਸਰੇ ਨੂੰ ਗਈ"।

ਪ19. ਅਹਿਮਦ ਸ਼ਾਹ ਅਬਦਾਲੀ ਨੇ ਕਿਸ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ?
ਉ. ਭਾਰਤ ਤੇ ਹਮਲੇ ਦੌਰਾਨ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਨੂੰ ਆਪਣੇ ਅਫ਼ਗਾਨ ਰਾਜ ਵਿੱਚ ਮਿਲਾ ਲਿਆ ਅਤੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਵਾਇਸਰਾਏ ਅਤੇ ਮਹਾਨ ਜਰਨੈਲ ਜਹਾਨ ਖਾਨ ਨੂੰ ਉਸ ਦਾ ਡਿਪਟੀ ਥਾਪ ਦਿੱਤਾ। ਜਹਾਨ ਖਾਨ ਨੇ ਮਈ 1757 ਵਿੱਚ ਅੰਮ੍ਰਿਤਸਰ ਤੇ ਹਮਲਾ ਕੀਤਾ ਅਤੇ ਸਿੱਖਾਂ ਦੇ ਰਾਮ ਰਾਉਣੀ ਨਾਮ ਦੇ ਕਿਲੇ ਨੂੰ ਢਾਹ ਦਿੱਤਾ। ਉਸ ਨੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ
ਭਾਵੇਂ ਕਿ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਸੀ ਪਰ ਉਨ੍ਹਾਂ ਵਿੱਚ ਇੱਕ ਜਵਾਨ ਲੜਾਕੇ ਜਿੰਨੀ ਤਾਕਤ ਸੀ। ਉਨ੍ਹਾਂ ਨੇ ਸਿੱਖਾਂ ਨੂੰ ਇਕੱਠੇ ਕਰ ਅੰਮ੍ਰਿਤਸਰ ਵੱਲ ਨੂੰ ਚਾਲੇ ਪਾਏ ਤਰਨ ਤਾਰਨ ਤੱਕ ਪਹੁੰਚਣ ਤੱਕ ਇਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਹੋ ਚੁੱਕੀ ਸੀ।

ਪ20.ਬਾਬਾ ਜੀ ਨੇ ਜ਼ਮੀਨ ਉੱਪਰ ਲਕੀਰ ਕਿਸ ਸ਼ਸਤਰ ਨਾਲ ਖਿੱਚੀ?
ਉ. ਬਾਬਾ ਦੀਪ ਸਿੰਘ ਜੀ ਨੇ ਜ਼ਮੀਨ ਉੱਪਰ ਖੰਡੇ ਨਾਲ ਲਕੀਰ ਖਿੱਚੀ ਅਤੇ ਕਿਹਾ ਇਸ ਲਕੀਰ ਨੂੰ ਉਹੀ ਸਿੱਖ ਪਾਰ ਕਰੇ ਜੋ ਅੰਮ੍ਰਿਤਸਰ ਦੀ ਪਵਿੱਤਰਤਾ ਲਈ ਸ਼ਹੀਦੀ ਪ੍ਰਾਪਤ ਕਰਨ ਲਈ ਤੱਤਪਰ ਹੈ। ਇਹ ਗੱਲ ਸੁਣਦਿਆਂ ਸਾਰੇ ਹੀ ਸਿੰਘ ਲਕੀਰ ਪਾਰ ਕਰ ਗਏ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਇਹ ਸ਼ਬਦ ਪੜ੍ਹਿਆ:
"ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣੁ ਨਾ ਕੀਜੈ।"

ਪ21. ਜਹਾਨ ਖਾਨ ਨੇ ਬਾਬਾ ਦੀਪ ਸਿੰਘ ਜੀ ਦੇ ਇਰਾਦੇ ਦਾ ਕਿਵੇਂ ਜਵਾਬ ਦਿੱਤਾ?
ਉ. ਜਦੋਂ ਜਹਾਨ ਖਾਨ ਨੂੰ ਬਾਬਾ ਦੀਪ ਸਿੰਘ ਜੀ ਦੇ ਇਰਾਦੇ ਬਾਰੇ ਪਤਾ ਚੱਲਿਆ ਤਾਂ ਉਸ ਨੇ ਵੀਹ ਹਜ਼ਾਰ ਫੌਜ ਤਿਆਰ ਕੀਤੀ ਅਤੇ ਅੰਮ੍ਰਿਤਸਰ ਵੱਲ ਨੂੰ ਚੱਲ ਪਿਆ। ਤਰਨ ਤਾਰਨ ਦੇ ਨਜ਼ਦੀਕ ਗੋਹਰਵਾਲ ਪਿੰਡ ਵਿਖੇ ਇਨ੍ਹਾਂ ਦੋਵਾਂ ਫੌਜਾਂ ਦਾ ਆਪਸ ਵਿੱਚ ਟਕਰਾ ਹੋਇਆ। ਇਹ ਪਿੰਡ ਅੰਮ੍ਰਿਤਸਰ ਤੋਂ ਪੰਜ ਮੀਲ ਦੀ ਦੂਰੀ ਤੇ ਸਥਿਤ ਸੀ। ਇਸ ਅਸਥਾਨ ਤੇ ਬਾਬਾ ਦੀਪ ਸਿੰਘ ਜੀ ਨੇ ਆਪਣੇ 15 ਕਿੱਲੋ (32 ਪਾਊਂਡ) ਦੇ ਖੰਡੇ ਨਾਲ ਵੈਰੀਆਂ ਦੇ ਆਹੂ ਲਾਹ ਸੁੱਟੇ। ਸਿੱਖ ਇੰਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਫ਼ੌਜ ਹਾਰਨ ਦੇ ਕੰਢੇ ਤੇ ਪਹੁੰਚ ਗਈ।

ਪ22. ਚੱਲ ਰਹੀ ਜੰਗ ਦੇ ਦਰਮਿਆਨ ਕਿਸ ਫੌਜ ਦੀ ਸਹਾਇਤਾ ਲਈ ਹੋਰ ਫ਼ੌਜ ਪਹੁੰਚੀ?
ਉ. ਚੱਲ ਰਹੀ ਜੰਗ ਦੇ ਦਰਮਿਆਨ ਵੱਡੀ ਗਿਣਤੀ ਵਿੱਚ ਫ਼ੌਜ ਜਹਾਨ ਖਾਨ ਦੀ ਮਦਦ ਵਾਸਤੇ ਪਹੁੰਚੀ ਅਤੇ ਸਿੱਖਾਂ ਦੇ ਲਈ ਵੱਡੀ ਚੁਣੌਤੀ ਬਣ ਗਈ। ਪਰ ਇਸ ਦੇ ਬਾਵਜੂਦ ਬਾਬਾ ਦੀਪ ਸਿੰਘ ਅੰਮ੍ਰਿਤਸਰ ਵੱਲ ਲਗਾਤਾਰ ਵੱਧ ਰਹੇ ਸਨ। ਇਸ ਮੌਕੇ ਬਾਬਾ ਦੀਪ ਸਿੰਘ ਅਤੇ ਮੁਗਲ ਜਰਨੈਲ ਜਮਾਲ ਖ਼ਾਨ ਦੇ ਵਿੱਚ ਜ਼ਬਰਦਸਤ ਜੰਗ ਹੋਈ। ਦੋਵੇਂ ਇੱਕ ਦੂਜੇ ਉੱਪਰ ਬਹੁਤ ਤੇਜ਼ੀ ਨਾਲ ਵਾਰ ਕਰ ਰਹੇ ਸਨ। ਉਸੇ ਸਮੇਂ ਸਾਂਝੇ ਵਾਰ ਦੌਰਾਨ ਦੋਵਾਂ ਦੇ ਸਿਰ ਧੜ ਤੋਂ ਅਲੱਗ ਹੋ ਗਏ ਤਾਂ ਸਿੱਖ ਸਿਪਾਹੀਆਂ ਨੇ ਬਾਬਾ ਦੀਪ ਸਿੰਘ ਨੂੰ ਵਚਨ ਯਾਦ ਕਰਾਏ ਕਿ ਤੁਸੀਂ ਤਾਂ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਸ਼ਹਾਦਤ ਪ੍ਰਾਪਤ ਕਰਨੀ ਸੀ। ਇਹ ਸੁਣਦਿਆਂ ਬਾਬਾ ਦੀਪ ਸਿੰਘ ਮੁੜ ਉੱਠੇ ਤੇ ਆਪਣੇ ਸੀਸ ਨੂੰ ਮੁੜ ਖੱਬੇ ਹੱਥ ਦੀ ਤਲੀ ਉੱਪਰ ਉਠਾ ਕੇ ਸੱਜੇ ਹੱਥ ਵਿੱਚ ਖੰਡਾ ਫੜ ਦੁਬਾਰਾ ਲੜਨਾ ਸ਼ੁਰੂ ਕੀਤਾ।

ਪ23. ਬਾਬਾ ਦੀਪ ਸਿੰਘ ਜੀ ਕਿੱਧਰ ਵਧ ਰਹੇ ਸਨ?
ਉ. ਬਾਬਾ ਦੀਪ ਸਿੰਘ ਸੀਸ ਤਲੀ ਤੇ ਟਿਕਾ ਜਪਜੀ ਸਭ ਪੜ੍ਹਦੇ ਹੋਏ ਅੰਮ੍ਰਿਤਸਰ ਵੱਲ ਵੱਧ ਰਹੇ ਸਨ। ਬਿਨਾਂ ਸੀਸ ਤੋਂ ਬਾਬਾ ਜੀ ਨੂੰ ਲੜਦਿਆਂ ਦੇਖ ਮੁਗਲਾਂ ਦੀ ਫੌਜ ਵੱਡੀ ਗਿਣਤੀ ਵਿੱਚ ਡਰਦੀ ਹੋਈ ਭੱਜ ਗਈ। ਅਖੀਰ ਬਾਬਾ ਦੀਪ ਸਿੰਘ ਜੀ ਨੇ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਜਾ ਕੇ ਨਤਮਸਤਕ ਕੀਤਾ। ਬਾਕੀ ਸਿੱਖ ਫ਼ੌਜ ਆਖਰੀ ਦਮ ਤੱਕ ਲੜਦੀ ਰਹੀ ਅਤੇ ਮੁਗਲਾਂ ਨੂੰ ਭਜਾ ਕੇ ਜਿੱਤ ਹਾਸਿਲ ਕੀਤੀ। ਬਾਬਾ ਦੀਪ ਸਿੰਘ ਜੀ ਨੂੰ ਸਿੱਖ ਪੰਥ ਮਹਾਨ ਸੇਵਾ ਅਤੇ ਕੁਰਬਾਨੀ ਕਰਕੇ ਸਤਿਕਾਰਿਆ ਜਾਂਦਾ ਹੈ।

ਪ24. ਬਾਬਾ ਦੀਪ ਸਿੰਘ ਸ਼ਹੀਦ ਦੀ ਯਾਦ ਵਿੱਚ ਕਿੰਨੇ ਸਥਾਨ ਉਸਾਰੇ ਗਏ?

ੳ. ਬਾਬਾ ਦੀਪ ਸਿੰਘ ਦੀ ਯਾਦ ਵਿੱਚ ਦੋ ਸਥਾਨ ਉਸਾਰੇ ਗਏ। ਇੱਕ ਉਹ ਸਥਾਨ ਜਿੱਥੇ ਬਾਬਾ ਦੀਪ ਸਿੰਘ ਜੀ ਨੇ ਆ ਕੇ ਸਿਜਦਾ ਕੀਤਾ ਅਤੇ ਦੂਸਰਾ ਅਸਥਾਨ ਰਾਮਸਰ ਸਥਾਨ ਦੇ ਨਜ਼ਦੀਕ ਜਿੱਥੇ ਬਾਬਾ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਸਥਾਨ ਨੂੰ ਸ਼ਹੀਦ ਗੰਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਇਸ ਤੋਂ ਇਲਾਵਾ ਜਿਸ ਸਥਾਨ ਤੇ ਬਾਬਾ ਜੀ ਨੇ ਲਕੀਰ ਖਿੱਚੀ, ਜਿਸ ਸਥਾਨ ਉਨ੍ਹਾਂ ਦਾ ਸੀਸ ਕੱਟਿਆ ਗਿਆ,ਜਿਸ ਜਗ੍ਹਾ ਤੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ ਇਨ੍ਹਾਂ ਸਭ ਜਗਾਵਾਂ ਉੱਪਰ ਪੰਜਾਬ ਵਿੱਚ ਗੁਰਦੁਆਰਾ ਸਾਹਿਬ ਸਥਿਤ ਹਨ। ਬਾਬਾ ਦੀਪ ਸਿੰਘ ਵੱਲੋਂ ਸਿੱਖ ਪੰਥ ਦੀ ਕੀਤੀ ਮਹਾਨ ਸੇਵਾ ਸਿੱਖਾਂ ਨੂੰ ਅੱਜ ਵੀ ਧਰਮ ਦੀ ਰਾਖੀ ਲਈ ਪ੍ਰੇਰਦੀ ਹੈ ਬਾਬਾ ਦੀਪ ਸਿੰਘ ਜੀ ਦੀ ਜੀਵਨੀ ਅੱਜ ਵੀ ਸਿੱਖਾਂ ਨੂੰ ਅਣਖ ਨਾਲ ਜੀਣ ਅਤੇ ਧਰਮ ਖਾਤਰ ਮਰਨ ਲਈ ਪ੍ਰੇਰਿਤ ਕਰਦੀ ਹੈ।